ਪੰਜਾਬ ਸਰਕਾਰ
ਸਥਾਨਕ ਸਰਕਾਰ, ਵਿਭਾਗ
(ਲੇਖਾ ਸਾਖਾ)

638-D 28/6/2012

ਸੇਵਾ ਵਿਖੇ,

ਕਾਰਜ ਸਾਧਕ ਅਫਸਰ,
ਨਗਰ ਕੌਂਸਲ, ਮੋਗਾ ।
ਯਾਦ ਪੱਤਰ ਨੰ: ਲੇਖਾਕਾਰ-(ਸ)-ਭਸਸ-ਓਕਵਲ-12/ 13369
ਮਿਤੀ: 24-5-12

ਵਿਸਾ:- ਨਗਰ ਕੌਂਸਲ, ਮੋਗਾ ਦਾ ਬਜਟ ਸਾਲ 2011-12 ਸੰਬਧੀ ।

********

ਉਪਰੋਕਤ ਵਿਸੇ ਤੇ ਆਪ ਦੇ ਮੀਮੋ ਨੰ:727 ਮਿਤੀ 11-05-12 ਦੇ ਹਵਾਲੇ ਵਿੱਚ ।

ਉਕੱਤ ਸਥਾਨਕ ਸੰਸਥਾ ਦਾ ਬਜੱਟ ਅਨੁਮਾਨ ਸਾਲ 2012-13 ਇਸ ਵਿਭਾਗ ਵਿਖੇ ਪ੍ਰਵਾਨਗੀ ਲਈ ਪ੍ਰਾਪਤ ਹੋਇਆ ਹੈ। ਸਥਾਨਕ ਸੰਸਥਾਂ ਵਲੋਂ ਸਾਲ 2012-13 ਲਈ ਅਸਲ ਆਮਦਨ ਅਤੇ ਖਰਚਾ ਹੇਠ ਅਨੁਸਾਰ ਦਰਸਾਇਆ ਗਿਆ ਹੈ :-

ਬਜਟ ਐਸਟੀਮੇਟ (2012-13) (ਰਕਮ ਲੱਖਾਂ ਵਿੱਚ)

| ਆਮਦਨ | ਵਿਭਾਗ ਦੀ ਤਜਵੀਜ |
|---|---|
| ਮਿਤੀ 01/04/2012 ਨੂੰ ਮੁੱਢਲਾ ਬਕਾਇਆ | 1452.22 |
| ਸਾਲ 2012-13 ਲਈ ਆਮਦਨ | 3553.50 |
| ਕੁਲ | **5005.75** |
| ਖਰਚਾ | |
| ੳ) ਅਮਲਾ<br>(I) ਕੇਵਲ ਮੌਜੂਦਾ ਪੋਸਟਾ ਲਈ<br>(II) ਪੈਨਸਨ ਕੰਟਰੀਬਿਉਸਨ<br>(III) ਰੀਟਾਇਰਮੈਂਟ ਬੈਨੀਫਿੱਟ<br>(ਗਰੈਚੁਟੀ ਅਤੇ ਲੀਵ ਇੰਨਕੈਸਮੈਂਟ | 1700.94 |
| ਅ) ਕੰਟੀਜੈਸੀ | 130.00 |
| ੲ) ਵਿਕਾਸ ਦੇ ਕੰਮਾਂ ਲਈ<br>(I) ਕਮਿਟਿੱਡ<br>(II) ਨਾਨ ਕਮਿਟਿੱਡ | 517.00<br>1174.00 |
| ਕੁਲ ਖਰਚਾ (ੳ+ ਅ + ੲ) | 3521.94 |
| ਮਿਤੀ 31/3/2013 ਲਈ ਅੰਤਿਮ ਬਕਾਇਆ | 1483.81 |
| ਕੁਲ | **5005.75** |

opening bal 1-4-12

ਉਕਤ ਦਰਸਾਈ ਆਮਦਨ ਅਤੇ ਖਰਚੇ ਦਾ ਵੇਰਵਾ :-

ਆਮਦਨ:- ਇਸ ਮੱਦ ਅਧੀਨ ਸਾਲ 2012-13 ਲਈ ਹੇਠ ਦਰਸਾਏ ਹੈਡਾਂ ਦੀ ਕੁੱਲ ਆਮਦਨ 3553.50 ਲੱਖ ਰੁਪਏ ਪ੍ਰਵਾਨ ਕੀਤੀ ਜਾਂਦੀ ਹੈ :-

(ਰਾਸੀ ਲੱਖਾ ਵਿਚ)

| ਲੜੀ ਨੰ | ਹੈਡ ਦਾ ਨਾਮ | ਵਿਭਾਗ ਦੀ ਪ੍ਰਵਾਨਗੀ |
|---|---|---|
| 1 | 2 | 3 |
| 1. | ਵੈਟ ਤੋਂ ਆਮਦਨ | 2200.00 |
| 2. | ਬਿਜਲੀ ਅਤੇ ਪੈਟਰੋਲ ਤੇ ਚੁੰਗੀ | 230.00 |
| 3. | ਹਾਊਸ ਟੈਕਸ | 125.00 |
| 4. | ਰੈਂਟ/ਤਹਿ ਬਜਾਰੀ | 50.00 |
| 5. | ਲਾਇਸੰਸ ਫੀਸ | 9.00 |
| | | 2.00 |

| | | |
|---|---|---|
| 8. | ਵਾ.ਸ.ਚਾਰਜਿਜ | 100.00 |
| 9. | ਫੁੱਟਕਲ ਆਮਦਨ | 387.50 |
| 10. | ਸੀਵਰੇਜ ਚਾਰਜਿਜ | 62.00 |
| | ਜੋੜ: | **3303.50** |
| 11. | ਐਕਸਾਇਜ ਡਿਊਟੀ | 250.00 |
| | ਕੁਲ ਜੋੜ : | **3553.50** |

ਖਰਚਾ: ਅਮਲਾ: ਇਸ ਮੱਦ ਅਧੀਨ ਸਾਲ 2012-13 ਲਈ 1700.94 ਲੱਖ ਰੁਪਏ ਦਾ ਬਜਟ ਪ੍ਰਵਾਨ ਕੀਤਾ ਜਾਂਦਾ ਹੈ। ਨਗਰ ਕੌਂਸਲ ਨੂੰ ਭਰੀਆਂ ਅਸਾਮੀਆਂ ਲਈ 1530.95 ਰੁਪਏ ਪੈਨਸ਼ਨ ਕੰਟਰੀਬਿਊਸ਼ਨ ਲਈ 50.00 ਲੱਖ ਅਤੇ ਰਿਟਾਇਰਮੈਂਟ ਬੈਨੀਫਿਟ ਲਈ 120.00 ਲੱਖ ਰੁਪਏ ਦਾ ਬਜਟ ਪ੍ਰਵਾਨ ਕੀਤਾ ਜਾਂਦਾ ਹੈ।

ਕੰਟੀਜੈਂਸੀ:- ਇਸ ਮੱਦ ਅਧੀਨ ਸਾਲ 2012-13 ਲਈ ਹੇਠ ਦਰਸਾਏ ਹੈਡਾਂ ਸਮੇਤ ਬਾਕੀ ਹੈਡਾਂ ਦਾ ਕੁਲ ਖਰਚਾ 130.00 ਲੱਖ ਰੁਪਏ ਪ੍ਰਵਾਨ ਕੀਤਾ ਜਾਂਦਾ ਹੈ :-

(ਰਾਸ਼ੀ ਲੱਖਾ ਵਿਚ)

| ਲੜੀ ਨੰ | ਹੈਡ ਦਾ ਨਾਮ | ਵਿਭਾਗ ਦੀ ਪ੍ਰਵਾਨਗੀ |
|---|---|---|
| 1 | 2 | 3 |
| 1. | ਸਟੇਸ਼ਨਰੀ | 5.00 |
| 2. | ਬਿਜਲੀ ਦੇ ਬਿਲ | 3.50 |
| 3. | ਪੈਟਰੋਲ ਤੇ ਵਹੀਕਲ | 59.00 |
| 4. | ਓ ਐਂਡ ਐਮ | 6.00 |
| 5. | ਟੈਲੀਫੋਨ | 1.00 |
| 6 | ਅਦਰਜ | 55.50 |
| | ਕੁਲ ਜੋੜ | **130.00** |

ਵਿਕਾਸ:- ਇਸ ਮੱਦ ਅਧੀਨ ਹੇਠ ਦਰਸਾਏ ਹੈਡਾਂ ਸਮੇਤ ਬਾਕੀ ਹੈਡਾਂ ਦਾ ਕੁਲ ਖਰਚਾ 1691.00 ਲੱਖ ਰੁਪਏ ਪ੍ਰਵਾਨ ਕੀਤਾ ਜਾਂਦਾ ਹੈ :-

| ਲੜੀ ਨੰ | ਹੈਡ ਦਾ ਨਾਮ | ਵਿਭਾਗ ਦੀ ਪ੍ਰਵਾਨਗੀ |
|---|---|---|
| 1. | 2 | 3 |
| | ਨਾਨ ਕਮਿਟਿੱਡ ਖਰਚਾ | |
| 1. | ਨਿਊ ਰੋਡਜ | 170.00 |
| 2. | ਰਿਪੇਅਰ ਆਫ ਰੋਡਜ | 150.00 |
| 3. | ਨਿਊ ਡਰੇਨਜ<br>ਰਿਪੇਅਰ ਆਫ ਓਲਡ ਡਰੇਨਜ | 80.00 |
| 4. | ਸੀਵਰੇਜ (ਨਿਯੂ ਵਰਕਸ )<br>ਵਾਟਰ ਸਪਲਾਈ | 72.00 |
| 5. | ਮਸ਼ੀਨਰੀ ਦੀ ਖਰੀਦ | 25.00 |
| 6. | ਨਿਊ ਸਟਰੀਟ<br>ਰਿਪੇਅਰ ਆਫ ਓਲਡ ਸਟਰੀਟ | 340.00 |
| 7. | ਸਲਮ | 25.00 |
| 8. | ਫੁੱਟਕਲ ਕੰਮ | 312.00 |
| | ਜੋੜ: (ੳ) | **1174.00** |
| | ਕਮਿਟਿਡ ਖਰਚਾ | |
| 1. | ਬਿਜਲੀ ਦੇ ਬਿਲ | 360.00 |
| 2. | ਮੇਨਟੀਨੈਂਸ ਆਫ ਇਲੈਕਟਰੀਸਿਟੀ | 35.00 |
| 3. | ਮੇਨਟੀਨੈਂਸ ਆਫ ਵਾਟਰ ਸਪਲਾਈ | 85.00 |
| 4. | 52 (1) ਬੀ/ਡਾਇਰੈਕਟੋਰੇਟ ਚਾਰਜਿਜ | 30.00 |
| 5. | ਅਦਰਜ | 7.00 |
| | ਜੋੜ:(ਅ) | **517.00** |

ਮਿਤੀ 31/3/2013 ਲਈ ਅੰਤਮ ਬਕਾਇਆ 1483.81 ਲੱਖ ਰੁਪਏ ਨਿਸਚਿਤ ਕੀਤਾ ਗਿਆ ਹੈ। ਕਾਰਜ ਸਾਧਕ ਅਫਸਰ, ਨਗਰ ਕੌਂਸਲ, ਮੋਗਾ ਨੂੰ ਲਿਖਿਆ ਜਾਂਦਾ ਹੈ ਕਿ ਸਾਲ 2012-13 ਲਈ ਨਿਸਚਿਤ ਕੀਤੀ ਗਈ ਆਮਦਣ ਦੇ ਟੀਚੇ ਨੂੰ ਹਰ ਹਾਲਤ ਵਿੱਚ ਪ੍ਰਾਪਤ ਕੀਤਾ ਜਾਵੇ ਅਤੇ ਪ੍ਰਵਾਨਤ ਖਰਚੇ ਨੂੰ ਪ੍ਰਾਪਤ ਹੋਣ ਵਾਲੀ ਆਮਦਨ ਦੇ ਸਨਮੁੱਖ ਕੀਤਾ ਜਾਵੇ। ਸਾਲ ਦੇ ਅੰਤ ਤੇ ਤਜਵੀਜਤ ਬਕਾਏ ਨੂੰ ਬਰਕਰਾਰ ਰਖਿਆ ਜਾਵੇ।

<u>ਸ਼ਰਤਾਂ</u>:-

1. ਸਾਲ 2012-13 ਲਈ ਮਿਥਿਆ ਗਿਆ ਆਮਦਨ ਦਾ ਟੀਚਾ ਪੂਰਾ ਕਰਨ ਲਈ ਨਗਰ ਕੌਂਸਲ ਦੇ ਕਾਰਜ ਸਾਧਕ ਅਫਸਰ ਅਤੇ ਪ੍ਰਧਾਨ ਦੀ ਸਾਂਝੀ ਜੁੰਮੇਵਾਰੀ ਹੋਵੇਗੀ।
2. ਨਗਰ ਕੌਂਸਲ ਦੀ ਹੱਦ ਅੰਦਰ ਪੈਂਦੀਆਂ ਸਾਰੀਆਂ ਇਮਾਰਤਾਂ ਦਾ ਹਾਊਸ ਟੈਕਸ ਅਤੇ ਹੋਰ ਤਰ੍ਹਾਂ ਦੀ ਉਗਰਾਹੀ ਲਈ ਸਰਵੇ ਤਿੰਨ ਮਹੀਨੇ ਦੇ ਅੰਦਰ-ਅੰਦਰ ਮੁਕੰਮਲ ਕਰਵਾਇਆ ਜਾਵੇ ਅਤੇ ਏਰੀਅਰ ਦੀ 100% ਰਿਕਵਰੀ ਯਕੀਨੀ ਬਣਾਈ ਜਾਵੇ।
3. ਅਮਲੇ ਦੇ ਖਰਚੇ ਅਤੇ ਦਫਤਰੀ ਖਰਚੇ ਨੂੰ ਹੋਰ ਘੱਟ ਕਰਨ ਸਬੰਧੀ ਉਪਰਾਲੇ ਕੀਤੇ ਜਾਣ।
4. ਕਿਸੇ ਵੀ ਖਰਚੇ ਦੀ ਮੱਦ ਅਧੀਨ ਪ੍ਰਵਾਨ ਕੀਤੇ ਖਰਚੇ ਤੋਂ ਵੱਧ ਖਰਚਾ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਲਏ ਬਗੈਰ ਨਾ ਕੀਤਾ ਜਾਵੇ ਅਤੇ ਨਾ ਹੀ ਅਗਾਊਂ ਪ੍ਰਵਾਨਗੀ ਆਉਣ ਦੀ ਆਸ ਵਿੱਚ ਕੀਤਾ ਜਾਵੇ।
5. **ਕੋਈ ਨਵੀਂ ਅਸਾਮੀ/ਖਾਲੀ ਅਸਾਮੀ ਸਥਾਨਕ ਸਰਕਾਰ ਵਿਭਾਗ ਦੀ ਪੂਰਵ ਪ੍ਰਵਾਨਗੀ ਤੋਂ ਬਿਨਾਂ ਨਾ ਭਰੀ ਜਾਵੇ।**
6. ਇਸ ਵਿਭਾਗ ਦੀ ਪ੍ਰਵਾਨਗੀ ਤੋਂ ਬਗੈਰ ਕਿਸੇ ਅਸਾਮੀ ਦੀ ਤਬਦੀਲੀ ਨਾ ਕੀਤੀ ਜਾਵੇ ਅਤੇ ਕਰਮਚਾਰੀ ਦਾ ਕਾਡਰ ਵੀ ਤਬਦੀਲ ਨਾ ਕੀਤਾ ਜਾਵੇ।
7. ਕੋਈ ਵੀ ਵਹੀਕਲ ਇਸ ਦਫਤਰ ਦੀ ਪੂਰਵ ਪ੍ਰਵਾਨਗੀ ਤੋਂ ਬਿਨ੍ਹਾਂ ਖਰੀਦ ਨਾ ਕੀਤਾ ਜਾਵੇ।
8. ਡੇਲੀਵੇਜਿਜ ਜਾਂ ਕੰਟਰੈਕਟ ਦੇ ਅਧਾਰ ਤੇ ਇਸ ਦਫਤਰ ਦੀ ਵਿਸੇਸ ਪੂਰਵ ਪ੍ਰਵਾਨਗੀ ਤੋਂ ਬਿਨ੍ਹਾਂ ਕੋਈ ਵੀ ਨਿਯੁਕਤੀ ਨਾ ਕੀਤੀ ਜਾਵੇ।
9. ਕੰਟਰੈਕਟ/ਠੇਕੇ ਤੇ ਭਰਤੀ ਕਰਨ ਦੀ ਬਜਾਏ ਜਿੱਥੋਂ ਤੱਕ ਸੰਭਵ ਹੋਵੇ ਕਿਸੇ ਬਾਹਰੀ ਸੰਸਥਾ ਤੋਂ ਲੋੜੀਂਦੇ ਸਟਾਫ ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ ਜਾਣ ਤਾਂ ਜੋ ਸਥਾਨਕ ਸੰਸਥਾ ਨੂੰ ਭਵਿੱਖ ਵਿੱਚ ਕਿਸੇ ਕਿਸਮ ਦੀ ਕਾਨੂੰਨੀ ਅੜਚਨ ਨਾ ਆਵੇ।
10. ਚੰਡੀਗੜ੍ਹ ਵਿਖੇ ਉਸਾਰੇ ਜਾਣ ਵਾਲੇ ਮਿਊਂਸਪਲ ਭਵਨ ਲਈ ਨਗਰ ਕੌਂਸਲ ਦੀ ਕੁਲ ਆਮਦਨ ਦਾ 1% ਦੀ ਰਾਸੀ ਦਾ ਉਪਬੰਧ ਕੀਤਾ ਜਾਂਦਾ ਹੈ।
11. <u>ਵਿਕਾਸ</u> : ਵਿਕਾਸ ਦਾ ਖਰਚਾ ਸਪਲਿਟ ਕਰਨ ਤੇ ਪਾਬੰਦੀ ਹੈ। ਹਰ ਹਾਲਤ ਵਿੱਚ ਜੋ ਪੈਸੇ ਸਰਕਾਰ ਵੱਲੋਂ ਦਿੱਤੇ ਜਾਂਦੇ ਹਨ, ਉਸ ਨਾਲ ਕੰਮ ਵੀ ਸਮੇਂ ਸੀਮਾਂ ਅਤੇ ਮਿਥੇ ਤਖਮੀਨੇ ਵਿੱਚ ਮੁਕੰਮਲ ਕੀਤਾ ਜਾਵੇ। ਗਰਾਂਟ ਦਾ ਖਰਚਾ ਸਕੀਮ ਵਿੱਚ ਦਰਜ ਹਦਾਇਤਾਂ ਅਨੁਸਾਰ ਕੀਤਾ ਜਾਵੇ ਅਤੇ ਵਰਤੋਂ ਸਰਟੀਫਿਕੇਟ ਮੁੱਖ ਦਫਤਰ ਵਿਖੇ ਸਬੰਧਤ ਸਾਖਾ ਨੂੰ ਸਮੇਂ-ਸਿਰ ਪੁੱਜਦਾ ਕੀਤਾ ਜਾਵੇ। ਨਗਰ ਕੌਂਸਲ ਵੱਲੋਂ ਹਰ ਸਾਲ ਅਪਣੀ ਪ੍ਰਬੰਧਕੀ ਰਿਪੋਰਟ ਤਿਆਰ ਕਰਕੇ ਸਮੇਂ ਸਿਰ ਸਰਕਾਰ ਨੂੰ ਭੇਜੀ ਜਾਵੇ। ਵਰਕਚਾਰਜ ਅਮਲੇ ਤੇ ਹੋਣ ਵਾਲਾ ਖਰਚਾ ਵਿਕਾਸ ਦੀ ਮੱਦ ਹੇਠ ਨਾ ਕੀਤਾ ਜਾਵੇ ਉਸ ਨੂੰ ਅਮਲੇ ਦੀ ਮੱਦ ਵਿੱਚ ਕੀਤਾ ਜਾਵੇ।
12. ਫਾਇਰ ਬ੍ਰਿਗੇਡ ਲਈ ਲੋੜੀਂਦੇ ਡਰਾਈਵਰ ਪਾਸਕੋ ਤੋਂ ਜਾਂ ਕਿਸੇ ਬਾਹਰੀ ਸੰਸਥਾ ਤੋਂ ਲਏ ਜਾਣ।
13. ਸਾਲ 2012-13 ਦੌਰਾਨ ਵਿਕਾਸ ਦੇ ਕੰਮਾਂ ਦੀ ਜੋ ਸੂਚੀ ਬਜਟ ਅਨੁਮਾਨ ਨਾਲ ਭੇਜੀ ਹੈ ਉਸ ਦੇ ਅਨੁਸਾਰ ਹੀ ਵਿਕਾਸ ਦੇ ਕੰਮ ਕਰਵਾਏ ਜਾਣ ਨੂੰ ਯਕੀਨੀ ਬਣਾਇਆ ਜਾਵੇ।
14. ਨਗਰ ਕੌਂਸਲ ਦੀ ਆਮਦਨ ਦਾ 1% 52(1) ਬੀ ਅਧੀਨ ਵੱਖਰੇ ਤੌਰ ਤੇ ਰਿਜਰਵ ਰੱਖਿਆ ਜਾਵੇ ਅਤੇ ਜੇਕਰ ਸਾਲ 2010-11, 2011-12 ਦੀ ਵੀ 52(1) ਬੀ ਅਧੀਨ ਕੋਈ ਰਕਮ ਬਕਾਇਆ ਜਮਾਂ ਕਰਵਾਉਣ ਤੋਂ ਰਹਿੰਦੀ ਹੈ ਤਾਂ ਉਸ ਨੂੰ ਵੀ ਪਹਿਲ ਦੇ ਅਧਾਰ ਤੇ ਭੇਜਿਆ ਜਾਣਾ ਯਕੀਨੀ ਬਣਾਇਆ ਜਾਵੇ।
15. ਕਰਮਚਾਰੀਆਂ ਨੂੰ ਮਿਲਣ ਵਾਲੇ ਰਿਟਾਇਰਲ ਡਿਊਜ, ਜੀ.ਪੀ.ਫੰਡ ਦੀ ਅਦਾਇਗੀ, ਪੈਨਸਨ ਫੰਡ ਦੀ ਅਦਾਇਗੀ, ਹੁਡਕੋ ਅਤੇ ਐਲ.ਆਈ.ਸੀ.ਦੇ ਕਰਜਿਆਂ ਦੀ ਅਦਾਇਗੀ ਨੂੰ ਫਸਟ ਚਾਰਜ ਰੱਖਦੇ ਹੋਏ ਪਹਿਲ ਦੇ ਅਧਾਰ ਤੇ ਅਦਾਇਗੀ ਕੀਤੀ ਜਾਵੇ।

16. ਕਰਮਚਾਰੀਆਂ ਨੂੰ ਕਰਜੇ ਦੇਣ ਦੇ ਸਬੰਧ ਵਿੱਚ ਰਾਜ ਸਰਕਾਰ ਦੁਆਰਾ ਆਪਣੇ ਕਰਮਚਾਰੀਆਂ ਲਈ ਜਾਰੀ ਕੀਤੇ ਦਿਸਾ-ਨਿਰਦੇਸਾਂ ਦੀ ਪਾਲਣਾ ਕੀਤੀ ਜਾਵੇ ।

17. ਸਹਿਰੀ ਗਰੀਬਾਂ ਨੂੰ ਮੁਢਲੀ ਸਹੂਲਤਾਂ ਦੇਣ ਸਬੰਧੀ ਉਪਰਾਲੇ ਕੀਤੇ ਜਾਣ ।

18. ਸਾਲ 2012-13 ਦੇ ਪ੍ਰਵਾਨ ਕੀਤੇ ਬਜਟ/ਆਮਦਨ ਦਾ 1% ਨਗਰ ਕੌਂਸਲ ਦੇ ਵਿਕਾਸ ਦੇ ਫੰਡ ਵਿੱਚੋਂ ਸਹਿਰ ਦੀ ਹਰਿਆਵਲੀ/ਗਰੀਨਰੀ ਲਈ ਵਰਤਿਆ ਜਾਵੇ ।

19. ਸਥਾਨਕ ਸੰਸਥਾ ਦੇ ਦਫਤਰ ਵਿੱਚ ਕੰਪਿਊਟਰਾਈਜੇਸਨ ਕਰਨ ਲਈ ਬਜਟ ਦੇ ਫੰਡਾਂ ਵਿੱਚੋਂ ਆਪ ਦੇ ਅਧਿਕਾਰੀਆਂ/ਕਰਮਚਾਰੀਆਂ ਨੂੰ ਕੰਪਿਊਟਰ ਟਰੇਨਿੰਗ ਆਪਣੇ ਪੱਧਰ ਤੇ ਕਰਵਾਈ ਜਾਵੇ ਅਤੇ ਸਾਰੀਆਂ ਬਰਾਂਚਾਂ ਦੀ ਨੈਟ-ਵਰਕਿੰਗ ਕਰਕੇ ਕੰਪਿਊਟਰਾਈਜੇਸਨ ਹਰ ਹਾਲਤ ਵਿੱਚ ਕੀਤੀ ਜਾਵੇ ।

20. ਕਿਸੇ ਵੀ ਸਥਾਨਕ ਸੰਸਥਾ ਦੇ ਸਬੰਧ ਵਿੱਚ ਆਡਿਟ ਵੱਲੋਂ ਜੋ ਇਤਰਾਜ ਲਗਾਏ ਜਾਂਦੇ ਹਨ ਉਨ੍ਹਾਂ ਦਾ ਉੱਤਰ ਆਡਿਟ ਨੋਟ ਵਿੱਚ ਦਰਸਾਏ ਅਨੁਸਾਰ ਸਮੇਂ ਸਿਰ ਸਾਰੇ ਪੈਰ੍ਹੇ ਨਾਲ-ਨਾਲ ਸੈਟਲ ਕਰਵਾਏ ਜਾਣ ।

ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ )
ਸਥਾਨਕ ਸਰਕਾਰ, ਪੰਜਾਬ ।
23/5/12

ਪਿੱਠ ਅੰਕਣ ਨੰ: ਲੇਖਾਕਾਰ (F)-ਡਸਸ-ਉਕਵਲ-12/ ਮਿਤੀ:

ਇਸ ਦਾ ਇੱਕ ਉਤਾਰਾ ਰਿਜਨਲ ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ, ਫਿਰੋਜਪੁਰ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ )
ਸਥਾਨਕ ਸਰਕਾਰ, ਪੰਜਾਬ ।